# ਮੌਡਿਊਲ 6 - ਸੁਰੱਖਿਆ ਜੰਤਰ
# Module 6 – Safety Devices

## ਐਨੂਰੀਸਿਸ ਅਲਾਰਮ ਕੀ ਹੈ ਅਤੇ ਇਸ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ?
## What is an enuresis alarm and how is it used?

ਐਨੂਰੀਸਿਸ ਅਲਾਰਮ ਨਮੀ ਦਾ ਸੂਚਕ ਹੈ ਅਤੇ ਇਹ ਤੁਹਾਨੂੰ ਜਗਾਉਣ ਲਈ ਤਿਆਰ ਕੀਤਾ ਗਿਆ ਹੈ ਜੇਕਰ ਤੁਹਾਡੀ ਫਿਸਟੂਲਾ, ਗ੍ਰਾਫਟ ਜਾਂ ਕੈਥੇਟਰ ਵਿੱਚੋਂ ਖੂਨ ਸਿੰਮਦਾ ਹੋਵੇ।

**ਸਾਮਾਨ:**
- ਐਨੂਰੀਸਿਸ ਅਲਾਰਮ
- ਦੋ 2 x 2 ਪੱਟੀਆਂ
- ਬਰਨੈਟ ਡ੍ਰੈਸਿੰਗ
- ਟੇਪ




## ਪ੍ਰਕਿਰਿਆ Procedure

1. ਇਹ ਯਕੀਨੀ ਬਣਾਉਣ ਲਈ ਕਿ ਇਹ ਕੰਮ ਕਰ ਰਿਹਾ ਹੈ, ਕਿਸੇ ਗਿੱਲੀ ਉਂਗਲ ਜਾਂ ਅਲਕੋਹਲ ਦੇ ਸਵੈਬ ਨਾਲ ਐਨੂਰੀਸਿਸ ਅਲਾਰਮ ਦੀ ਜਾਂਚ ਕਰੋ। ਜੇਕਰ ਅਲਾਰਮ ਵੱਜਦਾ ਹੈ ਤਾਂ ਤੁਹਾਨੂੰ ਪਤਾ ਚੱਲੇਗਾ ਕਿ ਇਹ ਕੰਮ ਕਰ ਰਿਹਾ ਹੈ। ਜੇਕਰ ਅਲਾਰਮ ਨਹੀਂ ਵੱਜਦਾ ਤਾਂ ਬੈਟਰੀ ਬਦਲਣ ਦੀ ਲੋੜ ਹੈ।
2. ਅਲਾਰਮ ਦੇ ਸ਼ੋਰ ਨੂੰ ਰੋਕਣ ਲਈ ਤਾਰ ਨੂੰ ਬੈਟਰੀ ਤੋਂ ਡਿਸਕਨੈਕਟ ਕਰੋ।
3. ਇੱਕ ਵਾਰ ਪ੍ਰੋਬ ਸੁੱਕ ਜਾਣ ਤੋਂ ਬਾਅਦ ਤਾਰ ਨੂੰ ਬੈਟਰੀ ਨਾਲ ਮੁੜ ਕਨੈਕਟ ਕਰੋ।
4. ਪ੍ਰੋਬ ਨੂੰ 2x2 ਪੱਟੀ ਨਾਲ ਢੱਕ ਦਿਓ ਅਤੇ ਪੱਟੀ ਨੂੰ ਟੇਪ ਕਰੋ।
5. ਆਪਣੀ ਫਿਸਾਟੂਲਾ ਸੂਈ ਨੂੰ ਲਗਾਉਣ ਅਤੇ ਟੇਪ ਕਰਨ ਤੋਂ ਬਾਅਦ, ਆਪਣੀ ਨਸ ਦੀ ਸੂਈ ਦੇ ਹੇਠਾਂ ਐਨੂਰੀਸਿਸ ਅਲਾਰਮ ਪ੍ਰੋਬ ਨੂੰ ਟੇਪ ਕਰੋ। ਇਹ ਯਕੀਨੀ ਬਣਾਓ ਕਿ ਸੂਈ ਦੇ ਬਾਹਰ ਡਿੱਗਣ ਦੀ ਸੂਰਤ ਵਿੱਚ, ਪ੍ਰੋਬ ਨੂੰ ਸੂਈ ਦੀ ਟਿਊਬਿੰਗ 'ਤੇ ਟੇਪ ਕੀਤਾ ਗਿਆ ਹੈ।
6. ਟੇਪ ਅਤੇ ਜਾਲੀ ਦੀ ਪੱਟੀ ਦੀ ਵਰਤੋਂ ਕਰਕੇ ਅਲਾਰਮ ਨੂੰ ਆਪਣੀ ਚਮੜੀ ਨਾਲ ਲਗਾਓ।
7. ਜੇ ਤੁਸੀਂ ਕਿਸੇ ਕੈਥੇਟਰ ਨਾਲ ਡਾਇਆਲਾਈਜ਼ ਕਰਦੇ ਹੋ, ਤਾਂ ਆਪਣੀ ਨਸ ਵਾਪਸੀ ਖੂਨ-ਨਲੀ ਦੇ ਹੇਠਾਂ ਐਨੂਰੀਸਿਸ ਅਲਾਰਮ ਪ੍ਰੋਬ ਨੂੰ ਟੇਪ ਨਾਲ ਚਿਪਕਾਓ ਜਿੱਥੇ ਖੂਨ-ਨਲੀ ਤੁਹਾਡੇ ਕੈਥੇਟਰ ਅਤੇ ਟੈਗੋ ਕਨੈਕਟਰ ਨਾਲ ਜੁੜਦੀ ਹੈ।

## ਪਾਣੀ ਡਿਟੈਕਟਰ ਕੀ ਹੈ ਅਤੇ ਇਸ ਦੀ ਵਰਤੋਂ ਕਿਵੇਂ ਕੀਤੀ ਜਾਂਦੀ ਹੈ?
## What is a water detector and how is it used?




ਪਾਣੀ ਦੇ ਡਿਟੈਕਟਰਾਂ ਦੀ ਵਰਤੋਂ ਡਾਇਐਲਿਸਿਸ ਮਸ਼ੀਨ ਅਤੇ ਮਸ਼ੀਨ ਦੇ ਪਾਣੀ ਦੇ ਆਊਟਲੈਟਾਂ ਦੇ ਆਲੇ-ਦੁਆਲੇ ਪਾਣੀ ਦੇ ਰਿਸਾਵ ਦਾ ਪਤਾ ਲਗਾਉਣ ਲਈ ਕੀਤੀ ਜਾਂਦੀ ਹੈ। ਪਾਣੀ ਡਿਟੈਕਟਰ ਡਾਇਆਲਾਈਜ਼ਰ ਤੋਂ ਖ਼ੂਨ ਦੇ ਰਿਸਾਵ ਦਾ ਵੀ ਪਤਾ ਲਗਾਉਂਦਾ ਹੈ। ਪਾਣੀ ਡਿਟੈਕਟਰ ਨੂੰ ਹਮੇਸ਼ਾ ਸਿੱਧੇ ਤੌਰ ’ਤੇ ਆਪਣੇ ਡਾਇਆਲਾਈਜ਼ਰ ਦੇ ਹੇਠਾਂ ਰੱਖੋ।

ਪਾਣੀ ਡਿਟੈਕਟਰ ਇਸ ਤਰ੍ਹਾਂ ਰੱਖਿਆ ਜਾਣਾ ਚਾਹੀਦਾ ਹੈ ਕਿ ਮੈਟਲ ਪ੍ਰੋਬਾਂ ਫ਼ਰਸ਼ ’ਤੇ ਬਿਲਕੁਲ ਫ਼ਲੈਟ ਰਹਿਣ। ਪਾਣੀ ਡਿਟੈਕਟਰ ਦਾ ਮੂੰਹ ਉੱਪਰ ਵੱਲ ਨੂੰ ਕਰਕੇ ਲੰਮਾ ਪਾਓ। ਜਦ ਪਾਣੀ ਜਾਂ ਖ਼ੂਨ ਮੈਟਲ ਪ੍ਰੋਬਾਂ ਨਾਲ ਸੰਪਰਕ ਵਿੱਚ ਆਵੇਗਾ, ਤਾਂ ਬਿਜਲੀ ਦੇ ਕਰੰਟ ਨਾਲ ਅਲਾਰਮ ਵੱਜਣ ਲੱਗੇਗਾ।

**ਯਾਦ ਰੱਖਣ ਲਈ ਮਹੱਤਵਪੂਰਨ ਨੁਕਤਾ:**

ਘਰਾਂ ਵਿਚਲੇ ਬੈਟਰੀ ਨਾਲ ਚੱਲਣ ਵਾਲੇ ਸਮੋਕ ਡਿਟੈਕਟਰਾਂ ਵਾਂਗ, ਤੁਹਾਡੇ ਪਾਣੀ ਡਿਟੈਕਟਰ ਵਿਚਲੀ ਬੈਟਰੀ ਨੂੰ ਵੀ ਨਿਯਮਿਤ ਤੌਰ ’ਤੇ ਚੈੱਕ ਕੀਤੇ ਜਾਣ ਦੀ ਲੋੜ ਹੈ।

## ਨੋਟਸ- ਸੁਰੱਖਿਆ ਯੰਤਰ
## Notes- Safety Devices